# ਦਫ਼ਤਰ ਨਗਰ ਨਿਗਮ ਹੁਸ਼ਿਆਰਪੁਰ।

## ਪ੍ਰੈਸ -ਨੋਟ

### ਸਵੱਛ ਭਾਰਤ ਅਭਿਆਨ ਤਹਿਤ ਨਗਰ ਨਿਗਮ ਵੱਲੋਂ ਕਰਵਾਏ ਗਏ ਪੇਂਟਿੰਗ ਮੁਕਾਬਲੇ

## ਪੇਂਟਿਗ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਨਗਰ ਨਿਗਮ ਦੇ ਮੇਅਰ ਅਤੇ ਕਮਿਸ਼ਨਰ ਨੇ ਇਨਾਮ ਤਕਸੀਮ ਕੀਤੇ

ਹੁਸ਼ਿਆਰਪੁਰ 22 ਦਸੰਬਰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਚੱਲਾਏ ਜਾ ਰਹੇ ਸਵੱਛ ਭਾਰਤ ਅਭਿਆਨ ਤਹਿਤ ਨਗਰ ਨਿਗਮ,ਹੁਸ਼ਿਆਰਪੁਰ ਵੱਲੋਂ ਬੱਚਿਆਂ ਨੂੰ ਸਫਾਈ ਰੱਖਣ ਸਬੰਧੀ ਜਾਗੂਰਕ ਕਰਨ ਲਈ ਅੱਜ ਨਗਰ ਨਿਗਮ ਦੇ ਡਾ.ਬੀ.ਆਰ. ਅੱਬਦੇਕਰ ਮੀਟਿੰਗ ਹਾਲ ਵਿਖੇ ਸਵੱਛ ਭਾਰਤ ਵਿਸ਼ੇ ਤੇ ਇੰਟਰ ਸਕੂਲ ਪੇਟਿੰਗ ਮੁਕਾਬਲੇ ਕਰਵਾਏ ਗਏ।ਜਿਸ ਵਿੱਚ ਵੱਖ-ਵੱਖ ਸਕੂਲਾਂ ਦੇ 5ਵੀ ਤੋਂ 10ਵੀ ਤੱਕ ਦੇ 35 ਵਿਦਿਆਰਥੀਆਂ ਨੇ ਭਾਗ ਲਿਆ। ਇੱਕ ਘੰਟੇ ਦੇ ਪੇਟਿੰਗ ਮੁਕਾਬਲੇ ਵਿੱਚ ਪਹਿਲੇ,ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਮੇਅਰ ਸ਼ਿਵ ਸੂਦ ਅਤੇ ਕਮਿਸ਼ਨਰ ਜ਼ਸਬੀਰ ਸਿੰਘ ਨੇ ਸਨਮਾਨ ਚਿੰਨ,ਸਰਟੀਫਿਕੇਟ,3100,2100 ਅਤੇ 1100 ਰੁਪਏ ਇਨਾਮ ਵਜੋ ਦੇ ਕੇ ਸਨਮਾਨਿਤ ਕੀਤਾ।ਜੇਤੂ ਰਹੇ ਵਿਦਿਆਰਥੀਆਂ ਵਿੱਚ ਪਹਿਲੇ ਅਤੇ ਦੂਜਾ ਸਥਾਨ ਸਰਵ ਹਿੱਤਕਾਰੀ ਵਿਦਿਆ ਮੰਦਿਰ ਸਕੂਲ ਦੇ ਸ਼ਿਖਾ ਬੱਧਣ ਅਤੇ ਰਵਨੀਤ ਸਿੰਘ ਨੇ ਹਾਸਲ ਕੀਤਾ,ਅਤੇ ਸੀਨੀਅਰ ਸ.ਸਕੂਲ ਰੇਲਵੇ ਮੰਡੀ(ਲੜਕੀਆਂ) ਦੀ ਖੂਸ਼ਬ ਨੇ ਤੀਸਰਾ ਸਥਾਨ ਹਾਸਲ ਕੀਤਾ।ਪੇਟਿੰਗ ਮੁਕਾਬਲਿਆਂ ਦਾ ਨਤੀਜਾ ਬਨਾਉਣ ਲਈ ਐਸ.ਡੀ ਕਾਲਜ ਦੇ ਪ੍ਰਫੈਸਰ ਦਮਨਪ੍ਰੀਤ ਕੋਰ ਅਤੇ ਮਨਮੀਤ ਕੋਰ ਨੇ ਬਤੋਰ ਜੱਜ ਆਪਣਾ ਵੱਡਮੁਲੱਾ ਸਹਿਯੋਗ ਦਿੱਤਾ।ਅੱਜ ਦੇ ਪੇਟਿੰਗ ਮੁਕਾਬਲੇ ਵਿੰਚ ਹਿੱਸਾ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੀ ਦਿੱਤੇ ਗਏ।

ਸਵੱਛ ਭਾਰਤ ਅਭਿਆਨ ਤਹਿਤ ਕਰਵਾਏ ਗਏ ਪੇਟਿੰਗ ਮੁਕਾਬਲੇ ਦੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕਰਨ ਮੋਕੇ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ ਦੱਸਿਆ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਲਏ ਹੋਏ ਸਵੱਛ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਨਗਰ ਨਿਗਮ ਵੱਲੋਂ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ਸਫਾਈ ਦੇ ਵਿਸ਼ੇਸ ਪ੍ਰੰਬਧ ਕੀਤੇ ਗਏ ਹਨ।ਨਗਰ ਨਿਗਮ ਵੱਲੋਂ ਚੱਲਾਏ ਜਾ ਰਹੇ ਸਵੱਛ ਭਾਰਤ ਅਭਿਆਨ ਤਹਿਤ ਪੇਟਿੰਗ ਮੁਕਾਬਲਿਆ ਰਾਹੀਂ ਬੱਚਿਆਂ ਨੂੰ ਸਫਾਈ ਰੱਖਣ ਸਬੰਧੀ ਪ੍ਰੇਰਿਤ ਕੀਤਾ ਜਾ ਰਿਹਾ ਹੈ,ਤਾਂ ਜ਼ੋ ਬੱਚੇ ਆਪਣੇ ਘਰ ਦੇ ਆਲੇ ਦੁਆਲੇ ਅਤੇ ਸ਼ਹਿਰ ਨੂੰ ਸਾਫ ਸੁਥਰਾ ਰਖੱਣ ਲਈ ਆਪਣਾ ਸਹਿਯੋਗ ਦੇਣ।ਨਗਰ ਨਿਗਮ ਦੇ ਕਮਿਸ਼ਨਰ ਜ਼ਸਬੀਰ ਸਿੰਘ ਨੇ ਵੀ ਇਸ ਮੋਕੇ ਦੇ ਸਵੱਛ ਭਾਰਤ ਅਭਿਆਨ ਸਬੰਧੀ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਆਪਣੇ ਮਾਤਾ ਪਿਤਾ ਅਤੇ ਮੁਹੱਲਾਂ ਨਿਵਾਸੀਆਂ ਨੂੰ ਸਫਾਈ ਰੱਖਣ ਸਬੰਧੀ ਪ੍ਰੇਰਿਤ ਕਰਨ

ਅੱਜ ਦੇ ਪੇਟਿੰਗ ਮੁਕਾਬਲੇ ਮੋਕੇ ਕਾਰਜ ਸਾਧਕ ਅਫ਼ਸਰ ਰਮੇਸ਼ ਕੁਮਾਰ,ਕਾਰਜਾਰੀ ਇੰਜੀਨੀਅਰ ਸ਼ਤੀਸ ਸੈਣੀ , ਸੈਨੇਟਰੀ ਇੰਸਪੈਕਟਰ ਸੰਜੀਵ ਕੁਮਾਰ, ਜਨਕ ਰਾਜ, ਇੰਸਪੈਕਟਰ ਵਿਜੇ ਕੁਮਾਰ, ਰਾਹੁਲ ਸਰਮਾ, ਕੌਂਸਲਰ ਨਿਪੁੰਨ ਸ਼ਰਮਾ, (ਰਿਟ) ਡੀ.ਐਸ.ਪੀ ਮਲਕਅੀਤ ਸਿੰਘ, ਅਤੇ ਵਿਦਿਆਰਥੀਆਂ ਦੇ ਇੰਚਰਾਜ ਅਧਿਆਪਕ ਵੀ ਇਸ ਮੋਕੇ ਤੇ ਹਾਜਰ ਸਨ।